

# ਤੈਨੂੰ ਪਤਾ

ਅਨਮੋਲਪ੍ਰੀਤ

# ਤੈਨੂੰ ਪਤਾ

ਅਨਮੋਲਪ੍ਰੀਤ



KALMAN WALE DIGITAL PUBLICATION

# ਤੈਨੂੰ ਪਤਾ

ਅਨਮੋਲਪ੍ਰੀਤ

Instagram: original_ammy

Snapchat : amlly786

Mobile No. +91 9992243849

E-mail : ammygharu123@gmail.com

Editor : gurigurpreet498

Published on : 01 May 2025

©Anmolpreet

digitalkalmanwale@gmail.com

# ਦੋ ਸ਼ਬਦ

ਅਨਮੋਲਪ੍ਰੀਤ ਕਿਤਾਬਾਂ ਦੀ ਦੁਨੀਆ ਵਿੱਚ ਜਾਣਿਆ-ਪਹਿਚਾਣਿਆ ਨਾਮ ਹੈ। ਪਿੱਛੇ ਜਿਹੇ ਆਈ, ਉਸਦੀ ਕਿਤਾਬ "ਓਹਦੇ ਜਾਣ ਬਾਅਦ" ਦਿਲ ਨੂੰ ਮੋਹ ਲੈਣ ਵਾਲੀ ਸੀ ਤੇ ਹੁਣ ਇਹ ਅਨਮੋਲ ਜਿਹਾ ਮੁੰਡਾ ਇੱਕ ਹੋਰ ਨਿੱਕੀ ਜਿਹੀ ਈ -ਬੁੱਕ ਲੈਕੇ ਮੇਰੇ ਸਾਹਮਣੇ ਖੜ੍ਹਾ ਹੈ।

"ਮੁਹੱਬਤ ਫੁੱਲਾਂ ਤੋਂ ਹੌਲ਼ੀ ਸੁਪਨਿਆਂ ਦਾ ਭਾਰ ਚੁੱਕੀ ਹੋਈ ਕਦੇ ਬੋਝ ਨਹੀਂ ਹੁੰਦੀ। "

ਉਪਰੋਕਤ ਲਿਖਿਆ ਵਾਕ ਅਨਮੋਲਪ੍ਰੀਤ ਦਾ ਮੁਹੱਬਤ ਪ੍ਰਤੀ ਨਜ਼ਰੀਆ ਦਰਸਾਉਂਦਾ ਹੈ। ਇਸ ਪੂਰੀ ਈ -ਬੁੱਕ 'ਚ ਇਹ ਮੁੰਡਾ ਅਨਮੋਲ ਮੁਹੱਬਤ ਦੀਆਂ ਬਾਤਾਂ ਹੀ ਪਾਉਂਦਾ ਹੈ। ਇੱਕ ਥਾਂ ਲੇਖਕ ਲਿਖਦਾ ਹੈ ਕਿ

"ਤੈਨੂੰ ਪਤਾ ਅਚਾਨਕ ਮਿਲਦੀ ਹੁੰਦੀ ਏ ਮੁਹੱਬਤ ਰੱਬ ਵਾਂਗ, ਕਵਿਤਾ ਵਾਂਗ, ਤੇਰੇ ਵਾਂਗ.... "

ਕਿੰਨੀ ਪਿਆਰੀ ਗੱਲ ਲਿਖੀ ਹੈ। ਹੋਰ ਤਾਂ ਹੋਰ ਅਨਮੋਲਪ੍ਰੀਤ ਜ਼ਿੰਦਗੀ ਦੇ ਨਿਯਮਾਂ ਤੋਂ ਵੀ ਜਾਣੂ ਹੈ। ਉਸਨੂੰ ਪਤਾ ਹੈ ਕਿ

"ਸਭ ਕੁਝ ਚੱਲਦਾ ਹੀ ਚੰਗਾ ਲੱਗਦਾ ਏ। "

ਹੁਣ ਤੁਸੀਂ "ਤੈਨੂੰ ਪਤਾ ਹੀ ਸੀ" ਪੜ੍ਹੋ। ਮੈਂ ਤੁਹਾਡੇ ਅਤੇ ਈ - ਬੁੱਕ ਵਿਚਕਾਰੋਂ ਪਾਸੇ ਹਟਦਾ ਹਾਂ।

**ਮੀਤ ਭਿੰਡਰ**

❀❀❀❀❀

.☘︎ .

ਤੈਨੂੰ ਪਤਾ

ਇੱਥੇ ਹਰ ਕੋਈ ਭੱਜ ਰਿਹਾ ਏ ਲੜ ਰਿਹਾ ਏ

ਬਾਹਰੋਂ ਅੰਦਰੋਂ ਥੋੜਾ ਥੋੜਾ ਗਵਾ ਰਿਹਾ ਏ ਆਪਣੇ ਆਪ

ਨੂੰ ਸਕੂਨ ਨੂੰ ਲੱਭਦੇ ਭਾਲਦੇ ਭਾਲਦੇ ਸਕੂਨ ਤਾਂ ਕਦੇ ਸਭ ਕੁਝ ਪਾ ਕੇ ਵੀ ਨਹੀਂ ਮਿਲਦਾ ਤੇ ਕਦੇ ਮਿਲ ਜਾਂਦਾ ਏ ਸਮਰਪਣ ਨਾਲ ਹੀ

ਅਨਮੋਲ

ਮੁਹੱਬਤ ਸੁਪਨੇ ਇਹ ਵੀ ਤੇ ਨੇ ਰਾਹ ਸਕੂਨ ਨੂੰ ਪਾਉਣ ਤੇ ਗਵਾਉਣ ਦੇ

ਅਜ਼ਾਦੀ, ਕੈਦ,ਪਿੰਜਰਾ ਇਹ ਲਫ਼ਜ਼ਾਂ ਤੋਂ ਕੋਹਾਂ ਦੂਰ ਵਾਲੀ ਮੁਹੱਬਤ

ਮੁਹੱਬਤ ਫੁੱਲਾਂ ਤੋਂ ਹੌਲ਼ੀ ਸੁਪਨਿਆਂ ਦਾ ਭਾਰ ਚੁੱਕੀ ਹੋਈ

ਕਦੇ ਬੋਝ ਨਹੀਂ ਹੁੰਦੀ

ਜੋ ਡੋਲ ਜਾਏ ਹਨੇਰੇ ਦੇ ਜਿੰਮੇਵਾਰੀਆਂ ਦੇ ਝੱਖੜ ਨਾਲ ਹੀ ਨਿਖਰਦੀ ਖਿੜਦੀ ਹੀ ਸੋਹਣੀ ਲੱਗਦੀ ਏ

ਮੁਹੱਬਤ ਦਾ ਸਾਥ ਤਾਂ ਸਕੂਨ ਹੁੰਦਾ ਏ ਭਾਰ ਨਹੀਂ

ਹਾਂ ਸੱਚ...

ਹਨੇਰੇ 'ਚ ਚੀਜਾਂ ਗਵਾਚ ਜਾਂਦੀਆਂ ਹੁੰਦੀਆਂ ਨੇ ਹੱਥ ਘੁੱਟਕੇ ਫੜ ਲਿਆ ਕਰੋ

ਕੋਈ ਕਿਤੇ ਰਹਿ ਨਾ ਜਾਏ ਭੁੱਲ ਨਾ ਜਾਏ ਵਾਪਿਸ ਆਉਣ ਦਾ ਰਸਤਾ

❁❁❁❁❁

.☘ ·

ਤੈਨੂੰ ਦੇਖਕੇ ਹੁਣ ਮੈਨੂੰ ਭਾਅ ਨਹੀਂ ਆਉਂਦਾ
ਗੁੱਸਾ, ਗਿਲਾ, ਦੁੱਖ , ਖਿਝ , ਨਫ਼ਰਤ , ਪਿਆਰ , ਚਾਅ ਕੁਝ ਵੀ ਨਹੀਂ
ਤੂੰ ਬਸ ਉਹਨਾਂ ਇਨਸਾਨਾਂ 'ਚ ਸ਼ਾਮਲ ਹੋ ਗਈ ਏਂ ਜਿਹਨਾਂ ਨੂੰ ਮੈਂ
ਬਸ ਜਾਣਦਾ ਹਾਂ ਉਹਨਾਂ ਦਾ ਨਾਂ ਪਤਾ ਬਸ
ਹਾਂ ਆਮ ਹੋ ਗਈ ਏਂ ਤੂੰ
ਇੱਕ ਗੱਲ ਹੋਰ , ਸੋਚਦਾ ਹਾਂ ਇਸ ਲਿਖਤ ਦਾ ਨਾਂ "ਝੂਠ" ਰੱਖ ਦੇਵਾਂ

❀❀❀❀❀

ਤੈਨੂੰ ਪਤਾ

ਮੈਂ ਮੁਹੱਬਤਾਂ ਨੂੰ ਮਜ਼ਾਕ ਸਮਝਦਾ ਸੀ ਉਂਝ ਹੀ ਬਸ ਮਖ਼ੌਲ ਜਿਹਾ ਮਸਤੀ , ਖ਼ੁਮਾਰੀ ਨਹੀਂ

ਮੈਂ ਤਾਂ ਕਵਿਤਾਵਾਂ ਲਿਖਕੇ, ਮੁਹੱਬਤਾਂ ਕਰਕੇ ਭੁੱਲ ਜਾਂਦਾ ਸੀ ਤੇ ਸ਼ਾਇਦ ਭੁੱਲਦਾ ਵੀ ਰਹਿੰਦਾ ਕਿਉਂਕਿ ਮੈਂ ਤਾਂ ਲਿਖਦਾ ਹੀ ਸੀ

ਪਿਆਰ ਮੁਹੱਬਤ ਉਹਦੇ ਲਈ ਫ਼ਜ਼ੂਲ ਦੀ ਗੱਲ

ਦਿਲ ਤੋੜਣਾ ਉਹਦੇ ਲਈ ਗ਼ਰੂਰ ਦੀ ਗੱਲ

ਜੇ ਉਹ ਅਨਮੋਲ ਹਾਦਸਾ ਮੇਰੇ ਨਾਲ ਨਾ ਹੁੰਦਾ

ਤੇਰੇ ਨਾਮ ਵਾਲਾ ਅਨਮੋਲ ਹਾਦਸਾ ਜਦੋਂ ਤੂੰ ਕਿਹਾ ਕਿ ਮੈਂ ਤੇਰੇ ਤੋਂ ਮੁਹੱਬਤ ਲੈਣਾ ਚਾਹੁੰਦੀ ਹਾਂ

ਮੈਂ ਲਿਖਣਾ ਜਿਊਣਾ ਚਾਹੁੰਦੀ ਹਾਂ ਤੇਰੀ ਮੁਹੱਬਤ ਨੂੰ

ਮੈਂ ਤਾਂ ਐਨੀ ਵੰਡਕੇ ਵੀ ਮੁੱਹਬਤ ਬਚਾਈ ਬੈਠਾ ਸੀ

ਕਿਉਂਕਿ ਮੈਂ ਲੋਕਾਂ ਤੋਂ ਮੁਹੱਬਤ ਲੈਂਦਾ ਸੀ

ਭਰਦਾ ਸੀ ਆਪਣੇ ਅੰਦਰ ਤੇ ਦਿੰਦਾ ਨਹੀਂ ਸੀ ਬਦਲੇ ਵਿੱਚ

ਤੇਰਾ ਆਉਣਾ ਤੇ ਜਾਣਾ ਮੈਨੂੰ ਕਦੇ ਕਬੂਲ ਨਹੀਂ ਸੀ

ਪਰ ਤੂੰ ਚਲਾ ਗਿਆ ਸ਼ਾਇਦ

ਇਸ ਕਰਕੇ ਕਿ ਮੈਨੂੰ ਪਤਾ ਲੱਗ ਸਕੇ ਵਿਛੜਣ ਦਾ ਡਰ , ਡਰ ਹੋਵੇ ਮੇਰੇ ਅੰਦਰ ਕਰਨੀ ਭਰਨੀ ਦਾ ਅਹਿਸਾਸ ਹੋਵੇ ਮੈਨੂੰ ਖੋਣ ਗਵਾਉਣ ਦਾ ਤੇ ਮੈਂ

ਸਹਾਰੇ ਨਹੀਂ ਮੁਹੱਬਤ ਪਾਵਾਂ ਤੇ ਲੁਟਾ ਦੇਵਾਂ ਆਪਣਾ ਸਭ ਕੁਝ ਲਾ ਦੇਵਾਂ ਆਪਣੇ ਸਾਰੇ efforts ਜਨਮਾਂ ਦੇ

ਉਹਨੂੰ ਪਾਉਣ ਲਈ ਪਰ ਅਫ਼ਸੋਸ ਰਹੇਗਾ ਮੈਨੂੰ ਉਹ ਤੇਰੀ ਮੁਹੱਬਤ ਨਹੀਂ ਹੋਵੇਗੀ

ਅਨਮੋਲ ਤਾਂ ਮੁਹੱਬਤ ਕਰਕੇ ਚਲਾ ਜਾਂਦਾ ਹੁੰਦਾ ਏ ਯਾਦ ਏ ਮੈਨੂੰ ....,

❁❁❁❁❁

ਤੈਨੂੰ ਪਤਾ ..

ਕਦੇ ਕਦੇ ਨਾ ਆਪਾਂ ਰਿਸ਼ਤਿਆਂ ਨੂੰ ਨਹੀਂ ਚੁਣਦੇ ਰਿਸ਼ਤੇ ਆਪਾਂ ਨੂੰ ਚੁਣਦੇ ਨੇ

ਹਨਾਂ ਅਜੀਬ ਜਿਹੀ ਗੱਲ ਏ ਨਾ .. ਹਾਂ ਮੈਂ ਅਜੀਬ ਹੀ ਗੱਲ ਕਰਦਾ ਹੁੰਦਾ ਹਾਂ..

ਆਪਣਾ ਰਿਸ਼ਤਾ .. ਹਾਂ ਆਪਣਾ ਰਿਸ਼ਤਾ ਜੋ ਬਸ ਪਲਾਂ ਦਿਨਾਂ ਹਫ਼ਤਿਆਂ ਦਾ ਜਾਂ ਕਹਾਂ ਜਨਮਾਂ ਦਾ ਮਹਿਮਾਨ ਸੀ ਉਹ ਆਪਣਾ ਕਾਰਜ ਪੂਰਾ ਕਰਕੇ ਚਲਾ ਗਿਆ

ਤੇ ਹੁਣ ਆਪਾਂ ਨੂੰ ਵੀ ਉੱਥੇ ਉਹਦੀ ਸਵਾਹ ਠੰਡੀ ਹੋਣ ਦਾ ਇੰਤਜ਼ਾਰ ਕਰੇ ਬਿਨਾਂ ਤੁਰ ਪੈਣਾ ਚਾਹੀਦਾ ਹੈ

ਕਿਸੇ ਹੋਰ ਰਿਸ਼ਤੇ ਨੂੰ ਜਨਮ ਦੇਣ

ਸਭ ਕੁਝ ਚੱਲਦਾ ਹੀ ਚੰਗਾ ਲੱਗਦਾ ਏ ... ਇਨਸਾਨ ਵੀ ਤੇ ਖਿਆਲ ਵੀ ਰੁਕਣਾ ਨਹੀਂ ਵਧੀਆ ਹੁੰਦਾ ਦਿਲਾਂ ਦਾ ਤਾਂ ਕਦੇ ਵੀ ਨਹੀਂ ..

ਬਾਕੀ ਗੱਲਾਂ ਫੇਰ ਕਦੇ ਨਵੇਂ ਰਿਸ਼ਤੇ ਚ ਆਕੇ ਕਰਾਂਗੇ

ਚੱਲ ਤੁਰ ਪਈਏ ਆਪਣੇ ਆਪਣੇ ਰਾਸਤੇ

ਜੋ ਦੂਰ ਕਰ ਦੇਣ ਇੱਕ ਵਾਰ ਪਿੰਡਿਆਂ ਨੂੰ

ਰੂਹਾਂ ਨੂੰ ਫੇਰ ਦੇਖਦੇ ਹਾਂ ...

❀❀❀❀❀

.☘ ·

ਤੈਨੂੰ ਪਤਾ ...

ਤੂੰ ਆਉਨੀ ਏ ਮੇਰੀ ਦੁਨੀਆ ਵਿੱਚ ਜਿੱਥੇ ਕਿਤਾਬਾਂ , ਕਵਿਤਾਵਾਂ ਤੇ ਬੜੀਆਂ ਚਿੱਠੀਆਂ ਨੇ ਕੁਝ ਤੇਰੇ ਪਤੇ ਤੇ ਕੁਝ ਬਿਨ ਪਤੇ ਤੋਂ ਤੈਨੂੰ ਪਤਾ ਹੁੰਦਾ ਇਹ ਬਿਨ ਪਤੇ ਵਾਲੀਆਂ ਵੀ ਤੇਰੇ ਲਈ ਏ

ਤੂੰ ਕੰਡਿਆਂ ਨੂੰ ਫੁੱਲ ਕਰ ਦਿੰਦੀ ਏ ਉਹਨਾਂ ਵਿੱਚ ਰੰਗ , ਖ਼ੁਸ਼ਬੂ ਭਰ ਦਿੰਦੀ ਏ, ਮੇਰੇ ਹੱਥੋਂ ਡਾਇਰੀ ਫੜ੍ਹਕੇ ਸਾਈਡ ਤੇ ਰੱਖ ਦਿੰਦੀ ਏ ਤੇ ਮੇਰੀਆਂ ਹੰਝੂ ਭਰੀਆਂ ਅੱਖਾਂ ਚ ਦੇਖਕੇ ਕਹਿ ਦਿੰਦੀ ਏ ਚੱਲ ਆਪਾਂ ਜਾਨੇ ਹਾਂ ਆਪਣੀ ਦੁਨੀਆ ਵਿੱਚ ਤਿਤਲੀਆਂ ਫੁੱਲਾਂ ਵਾਲੀ ਚ ਤੇ ਤੂੰ ਤੁਰ ਪੈਂਦੀ ਏ ਕਹਿਕੇ ਜਾ ਡਾਇਰੀ ਚੱਕ ਲਿਆ ਜਿਵੇਂ ਮਾਂ ਕਹਿ ਦਿੰਦੀ ਸੀ,"ਅੰਦਰੋਂ ਚੱਪਲਾਂ ਪਾ ਆ ਜਾਨੇ ਆ ਆਪਾਂ"

ਤੂੰ ਨਾ ਆਇਆ ਕਰ ਮੇਰੀ ਸਮਾਧੀ ਤੋੜਣ ਹੋ ਜਾਣ ਦੇ ਮੈਨੂੰ ਰੱਬ ਇਸ ਦੁਨੀਆ ਦਾ

ਲਿਖ ਲੈਣ ਦੇ ਮੈਨੂੰ ਹੋਰ ਚਿੱਠੀਆਂ

❀❀❀❀❀

☘

ਤੈਨੂੰ ਪਤਾ ..

ਇੱਕ ਤਰਫ਼ਾ ਮੁਹੱਬਤ ਵੀ ਇੱਕ ਬੰਨਿਓ ਨਹੀਂ ਹੁੰਦੀ

ਕੁਝ ਨਾ ਕੁਝ ਤਾਂ ਕਹਿਆ ਹੀ ਹੋਣਾ ਏ ਤੂੰ

ਘਾਹ ਨੂੰ ਉੱਗਣ ਲਈ ਕੋਈ ਨਾ ਕੋਈ ਪਾਣੀ ਦੀ ਬੂੰਦ ਦੀ ਜਰੂਰਤ
ਹੁੰਦੀ ਏ ...ਫੇਰ ਤੂੰ ਤਾਂ ਮੇਰੇ ਬੰਜਰ ਦਿਲ 'ਚ ਫੁੱਲ ਖਿੜਾ ਦਿੱਤਾ ਮੁਹੱਬਤ ਦਾ

ਕਦੇ ਤਾਂ ਹਾਂ 'ਚ ਹਾਂ ਤੂੰ ਮਿਲਾਈ ਹੀ ਹੋਣੀ ਏ

ਕਦੇ ਤਾਂ ਮੈਨੂੰ ਦੇਖ ਮੁਸਕੁਰਾਈ ਹੀ ਹੋਣੀ ਏ

ਕੋਈ ਤਾਂ ਕੀਤਾ ਹੋਣਾ ਏ ਤੂੰ ਵਾਅਦਾ ਮੈਨੂੰ ਸੋਚਕੇ , ਮੈਨੂੰ ਦੱਸੇ ਬਿਨਾਂ ਸ਼ਾਇਦ
ਇਹ ਸਭ ਮੇਰੇ ਖਿਆਲ ਹੋਣ

ਮੈਂ ਰੁੱਖ ਸੀ ਤੂੰ ਥੱਕੀ ਹੋਈ ਆਈ ਬੈਠੀ ,ਕਿਸੇ ਦੇ ਇੰਤਜਾਰ ਵਿੱਚ ਤੇ

ਉਹਦੇ ਆਉਂਦੇ ਤੁਰ ਪਈ ਤੂੰ ਉਹਦੇ ਨਾਲ

ਮੇਰੇ ਮੁੱਢ ਰੱਖ ਗਈ ਯਾਦਾਂ ਵਾਲਾ ਬੂਟਾ ਤੇ ਕਹਿ ਗਈ ਇਹਨੂੰ ਹੰਝੂਆਂ ਦਾ
ਪਾਣੀ ਪਾਈ ਜਾਈਂ ਦੇਖੀਂ ਇੱਕ ਦਿਨ ਕਵਿਤਾਵਾਂ ਵਾਲਾ ਫੁੱਲ ਲੱਗੇਗਾ ਤੇ
ਕਹਿਣਗੇ ਤੈਨੂੰ ਸ਼ਾਇਰ

ਉਦੋਂ ਧੰਨਵਾਦ ਕਰੀਂ ਮੇਰਾ ਤੂੰ

ਆਇਆ ਵੱਡਾ ਆਸ਼ਿਕ

❀❀❀❀❀

ਤੈਨੂੰ ਪਤਾ

ਰੱਬ ਨੇ ਆਪਣਾ ਐਵੇਂ ਹੀ ਲਿਖਿਆ ਸੀ

ਮਿਲਣਾ ਵਿਛੜਣਾ ਤੇ ਮਿਲਣਾ ਤੇ ਵਿਛੜਣਾ

ਤੇ ਆਖ਼ਰ ਤੇ ਮੁਹੱਬਤ ਹੋ ਜਾਣਾ

ਹਾਂ ਸੱਚ

ਮੁਹੱਬਤ ਨੂੰ ਜਿਸਮਾਂ ਦੀ ਲੋੜ ਨਹੀਂ ਹੁੰਦੀ ਏ

ਉਹ ਤਾਂ ਬਸ ਖਿੜਦੀ ਏ

ਫ਼ੈਲਦੀ ਏ ਪੁੰਗਰਦੀ ਏ

ਮੁਹੱਬਤ ਫੁੱਲ, ਕਵਿਤਾ, ਪਾਣੀ, ਕੁਦਰਤ ਸਭ ਏ

ਤੈਨੂੰ ਪਤਾ

ਹੁਣ ਮੈਂ ਥੱਕ ਗਿਆ ਹਾਂ ਤੈਨੂੰ ਹੋਰਾਂ ਚ ਲੱਭ ਲੱਭ ਕੇ

ਹੋਰਾਂ ਚ ਤੈਨੂੰ ਦੇਖ ਦੇਖ ਕੇ

ਤੂੰ ਇੱਕ ਵਾਰ ਮੇਰੇ ਸਾਹਮਣੇ ਕਿਉਂ ਨਹੀਂ ਆ ਜਾਂਦੀ

ਸੁਪਨੇ ਵਿੱਚ ਹੀ ਕਿਸੇ ਨਵੇਂ ਦਰਦ ਦੇ ਨਾਲ ਹੀ

ਜਿਹਨੂੰ ਯਾਦ ਦੇ ਨਾਲ ਹੀ ਮੇਰੇ ਕੋਲ਼ ਛੱਡ ਜਾਵੇਂ

ਮੇਰੇ ਕੋਲ਼ ਰਹਿ ਲਈ ਨਾ

ਹੰਝੂ ਬਣਕੇ ਜਾਂ ਮੇਰੇ ਹੰਝੂਆਂ ਦਾ ਹਾਸਾ ਬਣਕੇ

ਕੁਝ ਸਮੇਂ ਲਈ ਹੀ

ਮੰਨ ਜਾ ਮਨ ਬਣਾਲੈ ਭਾਵੇਂ ਮਨ ਮਾਰ ਕੇ ਹੀ

❁❁❁❁❁

ਜਦੋਂ ਆਪਣਾ ਕਿਸੇ ਨਾਲ ਦਿਲ ਮਿਲਦਾ ਏ ਨਾ ਆਪਣੇ ਗ੍ਰਹਿ ਵੀ ਮਿਲ ਜਾਂਦੇ ਨੇ .. ਆਪਣੀ ਜਿੰਦਗੀ ਸਾਂਝੀ ਹੋ ਜਾਂਦੀ ਏ ਸੁਪਨੇ ਵੀ ਖ਼ਾਬ ਵੀ

ਇਹ ਸੱਚ ਏ

ਆਪਾਂ ਨੂੰ ਹੀ ਦੇਖ ਲੈ ਆਪਣੇ ਵੀ ਤੇ ਸੁਪਨੇ ਸਾਂਝੇ ਹੀ ਸੀ

ਜਦੋਂ ਅੱਡ ਹੋਏ ਤਾਂ ਤੂੰ ਮੇਰੇ ਸੁਪਨੇ ਰੱਖ ਲਏ ਜੋ ਤੂੰ ਜੀਅ ਰਹੀਂ ਏ

ਤੇ ਮੈਂ ਤੇਰੇ ਖ਼ਾਬ ਜੋ ਜਾਗਦੇ ਸੌਂਦੇ ਮੈਨੂੰ ਆਉਂਦੇ ਨੇ

ਤੇ ਮੁਹੱਬਤ ਹਾਂ ਮੁਹੱਬਤ !!!

ਉਹ ਤਾਂ ਮੈਂ ਤੈਨੂੰ ਦਾਨ ਦੇ ਦਿੱਤੀ ਸੀ ਆਪਣੇ ਹਿੱਸੇ ਦੀ ਵੀ

ਤਾਂ ਕਿ ਤੂੰ ਵਾਂਝੀ ਨਾ ਰਹੇਂ ਕਿਸੇ ਚੀਜ ਤੋਂ

ਖ਼ਾਸ ਕਰਕੇ ਮੁਹੱਬਤ ਤੋਂ

ਤੇਰੀ ਮੁਹੱਬਤ ਖ਼ਤਮ ਨਾ ਹੋਵੇ ਜਦੋਂ ਤੂੰ ਉਹਨੂੰ ਹੋਰ ਕਿਸੇ ਤੇ ਲੁਟਾਵੇਂ

ਤੇ ਮੈਨੂੰ ਕਿਸੇ ਨਾਲ ਮੁਹੱਬਤ ਨਾ ਹੋਵੇ ਕੋਈ ਮੈਨੂੰ ਬਰਬਾਦ ਨਾ ਕਰ ਸਕੇ ਕੋਈ ਮੇਰੇ ਹੱਥੋਂ ਨਾ ਖੋਵੇ

ਪਤਾ ਏ ਮੈਨੂੰ ਮੁਹੱਬਤ ਤਾਂ ਜਿੰਦਗੀ ਦਿੰਦੀ ਏ

ਤਾਂ ਹੀ ਤੇ ਤੇਰੇ ਆਉਣ ਤੇ ਲਿਖਿਆ ਸੀ ਨਾ ਮੈਂ

"ਕੋਈ ਤੇਰੇ ਤੋਂ ਸਿੱਖੇ ਰਾਖ ਹੋਏ ਦਿਲ ਵਿੱਚ ਜਾਨ ਪਾਉਣਾ "

ਪਰ ਤੇਰੇ ਜਾਣ ਬਾਅਦ ਮੇਰਾ ਹਾਲ ਦੇਖ

ਐਵੇਂ ਜਹੇ ਨਹੀਂ ਗਾ ਉਹ ਕਠਪੁਤਲੀ ਜੋ ਆਕਸੀਜਨ ਅੰਦਰ ਸਾਹ ਲੈ ਰਹੀ ਏ ਤੇ ਜ਼ਿੰਦਗੀ ਤਿਆਗ ਰਹੀ ਏ

ਚੱਲ ਚੰਗਾ ਚੱਲਦੇ ਹਾਂ

ਤੂੰ ਮੁਹੱਬਤ ਮਾਣ

❀❀❀❀❀

ਤੈਨੂੰ ਪਤਾ ਮੁਹੱਬਤ ਬੰਦੇ ਨੂੰ ਇੱਕ ਵਾਰ ਹੁੰਦੀ ਏ

ਉਹਤੋਂ ਬਾਅਦ ਤਾਂ ਅਟ੍ਰੈਕਸ਼ਨ ਜਾਂ ਪਹਿਲੀ ਮੁਹੱਬਤ ਨੂੰ ਭਲਾਉਣ ਦੀ ਨਾਕਾਮ ਕੋਸ਼ਿਸ਼ ਹੀ ਹੁੰਦੀ ਹੈ

ਹਾਂ ਸੱਚ ਮੁਹੱਬਤ ਪਹਿਲੀ, ਦੂਜੀ, ਤਿਜੀ ਹੁੰਦੀ ਹੀ ਨਹੀਂ ਗੀ

ਮੁਹੱਬਤ ਤਾਂ ਮੁਹੱਬਤ ਹੁੰਦੀ ਏ

ਮੁਹੱਬਤ ਦੇ ਟੁੱਟਣ ਦੇ ਅਹਿਸਾਸ ਤੇ ਨਾ ਬੰਦਾ ਭੱਜਣ ਲੱਗ ਜਾਂਦਾ ਏ

ਐਵੇਂ ਤੜਫਣ ਲੱਗਦਾ ਏ ਜਿਵੇਂ ਕਿਸੇ ਮੱਛੀ ਨੂੰ ਪਾਣੀ ਚੋਂ ਕੱਢ ਦਿੱਤਾ ਹੋਵੇ

ਤੇ ਉਹ ਨਾ ਰਿਸ਼ਤਿਆਂ ਵੱਲ ਭੱਜਦਾ ਰਹਿੰਦਾ ਏ

ਤੇ ਜਿੱਥੇ ਥੋੜਾ ਬਹੁਤ ਸਕੂਨ ਮਿਲਦਾ ਏ ਜਾਂ ਕਹਿ ਦਈਏ ਕੇ

ਜੀਹਦੇ ਨਾਲ ਥੋੜਾ ਬਹੁਤ ਸਕੂਨ ਮਿਲਦਾ ਏ

ਉਹਦੇ ਨਾਲ ਰਹਿਣ ਲੱਗ ਜਾਂਦਾ ਏ ਤੇ ਜਦੋਂ ਉਹ ਖ਼ਤਮ ਹੋ ਜਾਂਦਾ ਏ ਤੇ ਅੱਕ ਜਾਂਦਾ ਏ ਤੇ ਪਾਪੀ ਹੋ ਜਾਂਦਾ ਏ ਉਹਨੂੰ ਆਪਣੇ ਵਾਲੀ ਜਗ੍ਹਾ ਦੇਕੇ

ਐਵੇਂ ਹੀ ਇੱਕ ਵਾਰ ਲਿਖ ਦਿੱਤਾ ਸੀ ਕੇ -" ਰਾਹਗੀਰਾਂ ਨੂੰ ਰਾਹ ਦੱਸੀਦਾ ਹੁੰਦਾ ਏ ਨਾਲ ਨਹੀਂ ਤੁਰ ਪਈਦਾ ਹੁੰਦਾ ... ਟੁੱਟੇ ਦਿਲ ਵਾਲਿਆਂ ਨਾਲ ਵੀ ਦਿਲ ਨਹੀਂ ਲਾਈਦਾ ਹੁੰਦਾ ਓਹਨਾਂ ਨੂੰ ਸਮਝਾਈਦਾ ਹੁੰਦਾ ਏ

ਤੁਸੀਂ ਗੁੰਮ ਹੋ ਜਾਵੋਂਗੇ ਤੁਸੀਂ ਟੁੱਟ ਜਾਵੋਂਗੇ "

ਤੈਨੂੰ ਪਤਾ ਓਹਨਾਂ ਦੇ ਨਾਲ ਰਹਿਣਾ  ਬੜਾ ਔਖਾ ਏ ਜਿਹੜਾ ਤੁਹਾਨੂੰ ਪਿਆਰ ਨਹੀਂ ਕਰਦਾ ਪਰ ਉਹਤੋਂ ਵੀ ਔਖਾ ਏ ਉਹਦੇ ਨਾਲ ਰਹਿਣਾ ਜਿਹਨੂੰ ਤੁਸੀਂ

ਪਿਆਰ ਨਹੀਂ ਕਰਦੇ ... ਮੁਹੱਬਤ ਬਿਨਾਂ ਵੀ ਮੁਹੱਬਤ ਨਿਭਾਉਣਾ ਪੁੰਨ ਤੇ ਪਾਪ ਦੋਵਾਂ ਵਾਲਾ ਕੰਮ ਏ .. ਮਹਾਨ ਤੇ ਨੀਚ .. ਇਮਾਨਦਾਰੀ ਤੇ ਸੌਦੇਬਾਜ਼ੀ ਵਾਲਾ .. ਚਲੋ ਜਿਵੇਂ ਕਿਸੇ ਨੂੰ ਠੀਕ ਲੱਗੇ

... ਅੱਜਕੱਲ੍ਹ ਵਿਆਹ ਵੀ ਇਸ ਕਰਕੇ ਹੀ ਨਹੀਂ ਚੱਲਦੇ .. ਉਹ ਰਿਸ਼ਤਿਆਂ ਵਿੱਚ ਮੁਹੱਬਤ ਹੁੰਦੀ ਹੀ ਨਹੀਂ ਗੀ ਮੁਹੱਬਤ ਤਾਂ ਉਹ ਪਹਿਲਾਂ ਨਿਭਾ ਆਏ ਹੁੰਦੇ ਨੇ ..

ਹਾਂ ਸੱਚ ਇੱਕ ਗੱਲ ਹੋਰ ਤੈਨੂੰ ਅਜੀਬ ਲੱਗੇਗੀ .. ਵਿਆਹ ਵਿੱਚ ਸੈਕਸ ਜਰੂਰੀ ਏ .. ਹਾਂ ਆਪਾਂ ਸਭ ਇਹਦੀ ਹੀ ਉਪਜ ਹਾਂ .. ਮੁਹੱਬਤ ਬਿਨਾਂ ਸੈਕਸ ਐਵੇਂ ਹੈ ਜਿਵੇਂ ਤੁਸੀਂ straight ਹੋਂ ਫੇਰ ਵੀ ਤਹਾਨੂੰ ਸਮਲਿੰਗਿਕ (homosexual) ਕਰਨਾ ਪਵੇ .. ਇਸ ਕਰਕੇ ਹੀ ਕਿੰਨੇ ਮੁੰਡਿਆਂ ਨੂੰ ਨਾ-ਮਰਦ ਕਹਿ ਦਿੱਤਾ ਜਾਂਦਾ ਏ .. ਤੇ ਕਿੰਨੀਆਂ ਕੁੜੀਆਂ ਨੂੰ ਬਾਂਝ ..

❀❀❀❀❀

ਤੈਨੂੰ ਪਤਾ ਹੁਣ ਤੈਨੂੰ ਹਰੇਕ ਚੀਜ਼ ਤੇ ਨਾ-ਚੀਜ਼ ਵਿੱਚੋਂ ਤੈਨੂੰ ਲੱਭ ਲਿਆ ਏ ਮੈਂ, ਤੂੰ ਮੇਰੇ ਦਿਮਾਗ ਵਿੱਚ ਚੱਲਣ ਵਾਲਾ ਨਿਰੰਤਰ ਖਿਆਲ ਨਹੀਂ ਸਗੋਂ ਇੱਕ ਦਿਮਾਗ ਦਾ ਹਿੱਸਾ ਬਣ ਚੁੱਕੀ ਏਂ, ਤੈਨੂੰ ਹਰ ਸਾਹ ਨਾਲ ਅੰਦਰ ਖਿੱਚਦਾ ਹਾਂ ਹਵਾ ਦੇ ਰੂਪ ਵਿੱਚ ਫੇਰ ਤੇਰੀਆਂ ਯਾਦਾਂ ਨੂੰ ਸਮੇਟਕੇ ਹਵਾ ਨੂੰ ਤਿਆਗ ਦਿੰਦਾ ਹਾਂ ਤੂੰ ਹਾਰ ਕੇ ਵੀ ਜਿੱਤ ਗਈ ਤੇ ਮੈਂ ਵੀ ।

ਗੱਲ ਸੱਚ ਨਿੱਕਲੀ ਮੁਹੱਬਤ ਵਿੱਚ ਕੋਈ ਹਾਰਦਾ ਨਹੀਂ ਹੁੰਦਾ

ਤੂੰ ਮੈਨੂੰ ਛੱਡ ਦਿੱਤਾ ਸੱਚ, ਕੀ ਇਸ ਨਾਲ ਸੱਚੀਂ ਆਪਾਂ ਅੱਡ ਹੋ ਗਏ ?

ਕੀ ਪਤਾ ਤੂੰ ਵੀ ਮੈਨੂੰ ਯਾਦ ਕਰਦੀ ਹੋਵੇਂ ? ਕਦੇ ਕਦੇ ਬਿਲਕੁਲ ਨਾਂ ਵਾਂਗ ਉਂਝ ਮੈਂ ਤੈਨੂੰ ਯਾਦ ਨਹੀਂ ਕਰਦਾ ਕਿਉਂਕਿ ਤੈਨੂੰ ਮੇਰੇ ਤੋਂ ਦੂਰ ਹੋਕੇ ਯਾਦਾਂ ਦਾ ਹਿੱਸਾ ਹੋਣ ਲਈ ਹਜੇ ਬੜਾ ਕੁਝ ਕਰਨਾ ਪਵੇਗਾ ਤੂੰ ਦੂਰ ਹੋਈ ਹੀ ਨਹੀਂ ਮੇਰੇ ਤੋਂ ਨਾ ਹੀ ਹੋ ਸਕਦੀ ਏਂ ਫੇਰ ਤੈਨੂੰ ਯਾਦ ਕਿਉਂ ਕਰਾਂ

ਉਹ ਤੇਰੀ !!! ਮੈਂ ਤਾਂ ਤੇਰੀ ਸ਼ਕਲ ਵੀ ਭੁੱਲਦਾ ਜਾ ਰਿਹਾ ਹਾਂ ਕੱਲ੍ਹ ਪਰਸੋਂ ਤੇਰਾ ਚਾਰ ਅੱਖਰਾਂ ਦਾ ਨਾਮ ਵੀ ਨਹੀਂ ਯਾਦ ਹੋਣਾ ਫੇਰ ਵੀ ਤੇਰਾ ਹਾਸਾ ਯਾਦ ਹੋਵੇਗਾ ਤੇਰਾ ਉਹ ਕਹਿਣਾ ਯਾਦ ਹੋਵੇਗਾ

ਤੇਰੇ ਹਾਸੇ ਵਿੱਚ ਏ ਜਿੰਦਗੀ ਮੇਰੀ

ਤੇਰੇ ਰੋਣੇ ਵਿੱਚ ਮੌਤ

ਸ਼ਾਇਦ ਅਗਲਾ ਜਨਮ ਹੁੰਦਾ ਹੋਵੇ! ਜੇ ਹੁੰਦਾ ਹੋਇਆ ਤੇ ਉਹਨਾਂ ਵਿੱਚ ਇਹ ਚੀਜਾਂ ਯਾਦ ਰਹਿਣਗੀਆਂ ਮੈਨੂੰ

ਕਾਸ਼! ਮੈਨੂੰ ਯਾਦ ਰੱਖਣ ਦੀ ਲੋੜ ਹੀ ਨਾ ਪਵੇ ਸ਼ਾਇਦ ਆਪਾਂ ਇੱਕੋ ਜਾਤ ਦੇ ਹੋਕੇ ਮਿਲੀਏ ।

ਹਾਹਾ ਸੱਚ ਜਾਤਾਂ ਤਾਂ ਹੁਣ ਵੀ ਲੋਕ ਭੁੱਲਦੇ ਜਾ ਰਹੇ ਨੇ ਪਿਆਰ ਵਿੱਚ ਤਾਂ ਉਮਰ ਤੱਕ ਨਹੀਂ ਮਾਇਨੇ ਰੱਖਦੀ ਜਾਤ ਤਾਂ ਦੂਰ ਦੀ ਗੱਲ ਏ ਪਰ ਵਿਆਹ ਵਿੱਚ ਰੱਖਦੇ ਨੇ ਹਨਾਂ ਮੈਨੂੰ ਪਤਾ ਸੀ ਤੂੰ ਐਵੇਂ ਹੀ ਕਹਿਣਾ ਸੀ

ਸੱਚ ਅੱਜ ਨਾ ਇੱਕ ਚੀਜ ਪੜੀ ਆਈਲੈਟਸ ( ਹਾਂ ਜਿਹੜੀ ਤੂੰ ਤੇ ਮੈਂ ਵੀ ਕੀਤੀ ਸੀ) ਉਹ ਸਭ ਤੋਂ ਵੱਡਾ ਧਰਮ ਏ ਉਹ ਸਭ ਜਾਤਾਂ ਭੁਲਾ ਦਿੰਦਾ ਏ ਪਰ ਹੁਣ ਪਿਆਰ ਵੀ ਭੁਲਾ ਦਿੰਦਾ ਏ

ਤੂੰ ਹਾਂ ਤਾਂ ਕਰਦੀ ਆਪਾਂ ਕਰ ਲੈਂਦੇ ਕੋਈ ਹੱਲ

ਹੱਲ ਕਿਹੜੀ ਚੀਜ਼ ਦਾ ਨਹੀਂ ਹੁੰਦਾ ਭਲਾ

ਹਾਂ ਹਾਂ ਸਮਝ ਗਿਆ !!

ਮੁਕਾ ਦਿੰਦੇ ਹਾਂ ਇੱਕ ਕਹਿਕੇ ਗੱਲ ਕਿ ਜੋ ਹੁੰਦਾ ਏ ਚੰਗੇ ਲਈ ਹੁੰਦਾ ਏ

ਮੁੱਕ ਗਈ ਗੱਲ ਹਨਾਂ ਸੌਖੀ ਹੀ

ਤੈਨੂੰ ਪਤਾ ! ਮੁਹੱਬਤ ਚ ਬਹਾਨੇ ਬਦਦੁਆ ਹੁੰਦੇ ਨੇ

ਚਲ ਖਿਆਲ ਰੱਖੀਂ ਆਪਣਾ

❀❀❀❀❀

.☘ ·

ਤੈਨੂੰ ਪਤਾ ਕਦੇ ਕਦੇ ਹੁਣ ਵੀ ਤੇਰਾ ਸੁਪਨਾ ਆ ਜਾਂਦਾ ਏ

ਭਾਵੇਂ ਤੇਰਾ ਚਿਹਰਾ ਲਗਭਗ ਭੁੱਲ ਚੁੱਕਿਆ ਹਾਂ ਮੈਂ

ਪਰ ਉਹ ਸੁਪਨਾ ਤੇਰੀ ਆਵਾਜ਼ ਦਾ ਹੁੰਦਾ ਏ

ਤੇਰੀਆਂ ਗੱਲਾਂ ਦਾ ਹੁੰਦਾ ਏ

ਜਿਵੇਂ ਕਿਸੇ ਅੰਨ੍ਹੇ ਬੰਦੇ ਨੂੰ ਸੁਪਨਾ ਆਉਂਦਾ ਹੋਵੇ

ਹਾਂ ਸੱਚ ਅੰਨਾ ਹੀ ਸੀ ਮੈਂ ਤੇਰੇ ਪਿਆਰ ਵਿੱ ਚ

ਤੂੰ ਅੱਖ ਖੋਲੀ ਤੈਨੂੰ ਦੁਨੀਆ ਦਿਖਣ ਲੱਗ ਗਈ

ਜਿਸ ਵਿੱਚ ਅਮੀਰੀ, ਜਾਤ ਤੇ ਧਰਮ ਸੀ

ਮੈਂ ਤੇਰੇ ਤੋਂ ਬਿਨਾਂ ਕੁਝ ਦੇਖ ਹੀ ਨਾ ਸਕਿਆ

ਸਭ ਕੁਝ ਦੇਖਕੇ ਵੀ ਅੰਨ੍ਹਾ ਬਣਿਆ ਰਹਿਆ

❀❀❀❀❀

.☘︎ ·

ਤੈਨੂੰ ਪਤਾ ਮੈਂ ਰੋਂਦਾ ਨਹੀਂ

ਜਾਂ ਕਹਾਂ ਸਾਰਿਆਂ ਸਾਹਮਣੇ ਰੋਂਦਾ ਨਹੀਂ

ਹਰ ਮੁੰਡੇ ਵਾਂਗ ਹੀ

ਤੇ ਕਹਿੰਦਾ ਹਾਂ ਤੈਨੂੰ ਮੈਂ ਭੁੱਲ ਗਿਆ ਹਾਂ

ਝੂਠ ਬੋਲਦਾ ਹਾਂ

ਝੂਠ ਬੋਲਣਾ ਤਾਂ ਪਾਪ ਏ ਨਾ

ਹਾਂ ਬੜੇ ਪਾਪ ਕੀਤੇ ਨੇ ਮੈਂ

ਤੈਨੂੰ ਰੱਬ ਤੋਂ ਜਿਆਦਾ ਚਾਹੁੰਣਾ

ਤੇਰੇ ਪਿੱਛੇ ਰੱਬ ਭੁੱਲ ਬਹਿਣਾ

ਪਾਪਾਂ ਦੀ ਸਜ਼ਾ ਤਾਂ ਹੁੰਦੀ ਏ

ਮੁਹੱਬਤ ਦਾ ਮੇਰੇ ਤੋਂ ਰੁੱਸ ਬਹਿਣਾ

ਇਹ ਨਹੀਂ ਕਿ ਮੈਂ ਕੋਸ਼ਿਸ਼ ਨਹੀਂ ਕੀਤੀ ਮੁਹੱਬਤ ਨੂੰ ਮਨਾਉਣ ਦੀ

ਕਿਸੇ ਹੋਰ ਨੂੰ ਚਾਹੁੰਣ ਦੀ

ਪਰ ਮੇਰੀ ਕੋਸ਼ਿਸ਼ ਵਿੱਚ ਐਨਾ ਦਮ ਕਿੱਥੇ ਸੀ

ਜੇ ਇੰਨਾ ਹੀ ਦਮ ਹੁੰਦਾ ਤਾਂ

ਤੈਨੂੰ ਮੈਂ ਮਨਾ ਲੈਂਦਾ ਤੂੰ ਕਦੇ ਦੂਰ ਨਾ ਜਾਂਦੀ

❁❁❁❁❁

ਤੈਨੂੰ ਪਤਾ ਮੈਂ ਰੋਂਦਾ ਨਹੀਂ

ਜਾਂ ਕਹਾਂ ਸਾਰਿਆਂ ਸਾਹਮਣੇ ਰੋਂਦਾ ਨਹੀਂ

ਹਰ ਮੁੰਡੇ ਵਾਂਗ ਹੀ

ਤੇ ਕਹਿੰਦਾ ਹਾਂ ਤੈਨੂੰ ਮੈਂ ਭੁੱਲ ਗਿਆ ਹਾਂ

ਝੂਠ ਬੋਲਦਾ ਹਾਂ

ਝੂਠ ਬੋਲਣਾ ਤਾਂ ਪਾਪ ਏ ਨਾ

ਹਾਂ ਬੜੇ ਪਾਪ ਕੀਤੇ ਨੇ ਮੈਂ

ਤੈਨੂੰ ਰੱਬ ਤੋਂ ਜਿਆਦਾ ਚਾਹੁੰਣਾ

ਤੇਰੇ ਪਿੱਛੇ ਰੱਬ ਭੁੱਲ ਬਹਿਣਾ

ਪਾਪਾਂ ਦੀ ਸਜ਼ਾ ਤਾਂ ਹੁੰਦੀ ਏ

ਮੁਹੱਬਤ ਦਾ ਮੇਰੇ ਤੋਂ ਰੁੱਸ ਬਹਿਣਾ

ਇਹ ਨਹੀਂ ਕਿ ਮੈਂ ਕੋਸ਼ਿਸ਼ ਨਹੀਂ ਕੀਤੀ ਮੁਹੱਬਤ ਨੂੰ ਮਨਾਉਣ ਦੀ

ਕਿਸੇ ਹੋਰ ਨੂੰ ਚਾਹੁੰਣ ਦੀ

ਪਰ ਮੇਰੀ ਕੋਸ਼ਿਸ਼ ਵਿੱਚ ਐਨਾ ਦਮ ਕਿੱਥੇ ਸੀ

ਜੇ ਇੰਨਾ ਹੀ ਦਮ ਹੁੰਦਾ ਤਾਂ

ਤੈਨੂੰ ਮੈਂ ਮਨਾ ਲੈਂਦਾ ਤੂੰ ਕਦੇ ਦੂਰ ਨਾ ਜਾਂਦੀ

❀❀❀❀❀

ਤੈਨੂੰ ਪਤਾ ਮੈਂ ਹੁਣ ਆਦਮੀ ਹਾਂ
ਜਿਸਦੀ ਜਾਤ, ਧਰਮ ਤੇ ਰੰਗ ਹੈ
ਪਹਿਲਾਂ ਆਸ਼ਕ ਸੀ
ਹਾਂ ਆਸ਼ਕ ਦਾ ਕੋਈ ਲਿੰਗ, ਜਾਤ ਜਾਂ ਧਰਮ ਨਹੀਂ ਹੁੰਦਾ
ਪਹਿਲਾਂ ਤੂੰ ਰੱਬ ਬਣਕੇ ਆਸ਼ਕ ਨੂੰ ਜਨਮ ਦਿੱਤਾ
ਫੇਰ ਕਾਤਲ ਬਣਕੇ ਉਹਨੂੰ ਮੁੜ ਬੰਦੇ ਦੀ ਜੂਨੇ ਪਾ ਦਿੱਤਾ
ਬਸ ਯਾਦਾਂ ਨਾਲ ਜੋ ਹਰ ਪਲ ਦੁੱਖ ਨੂੰ
ਦੁੱਗਣਾ ਕਰਦੀਆਂ ਨੇ
ਆਸ਼ਕ ਜਲਦੀ ਰੋ ਪੈਂਦੇ ਨੇ
ਤੇ ਮਰਦ ਅੰਦਰੋਂ ਅੰਦਰੀ ਰੋ ਪੈਂਦੇ ਨੇ
ਜਿਣਸ ਤਾਂ ਦੋਹਾਂ ਵਿੱਚ ਇੱਕ ਹੀ ਏ
ਤੇਰੇ ਹੁੰਦੇ ਮੈਨੂੰ ਮੌਸਮਾਂ ਦਾ ਪਤਾ ਨਹੀਂ ਸੀ ਲੱਗਦਾ
ਹੁਣ ਹਰ ਮੌਸਮ ਦਾ ਰੰਗ ਬਦਲਦਾ ਦਿਖਦਾ ਏ
ਪਹਿਲਾਂ ਮੈਨੂੰ ਭੁੱਖ ਨਹੀਂ ਸੀ ਲੱਗਦੀ
ਹੁਣ ਬਸ ਤੇਰੀ ਦੀਦ ਦੀ ਹੀ ਭੁੱਖ ਹੈ
ਯਾਦ ਏ ਤੈਨੂੰ ਜਦੋਂ ਵੀ ਲੜਦੇ ਸੀ
ਤੂੰ ਮੇਰੇ ਤੋਂ ਮਾਫ਼ੀਆਂ ਮੰਗਦੀ ਰਹਿੰਦੀ ਸੀ

ਹਾਂ ਹੁਣ ਮੈਨੂੰ ਮਾਫ਼ ਕਰਦੇ ਤੇ

ਆਜ਼ਾਦ ਕਰਦੇ ਜਿਵੇਂ ਮੈ ਤੈਨੂੰ ਕੀਤਾ ਏ

ਯਾਦਾਂ ਤੋਂ

ਮੈਨੂੰ ਵੀ ਕਰ ਤੇ ਕਦੇ ਨਾ ਯਾਦ ਆਇਆ ਕਰ

❀❀❀❀❀

☙ ·

ਤੈਨੂੰ ਪਤਾ ...

ਤੂੰ ਮੇਰਾ ਬਹੁਤ ਕੁਝ ਸੀ, ਸ਼ਾਇਦ ਸਭ ਕੁਝ ਹੀ, ਹਾਂ ਮੇਰੇ ਤੇ ਰੱਬ ਨੇ ਇੱਕ ਮਿਹਰਬਾਨੀ ਕੀਤੀ ਸੀ ਕੇ ਤੂੰ ਦੇ ਦਿੱਤੀ ਤੇ ਉਦੋਂ ਹੀ ਮੈਂ ਰੱਬ ਭੁੱਲ ਗਿਆ ਤੇ ਤੂੰ ਵੀ ਚਲੀ ਗਈ ਮੇਰਾ ਸਭ ਕੁਝ ਚਲਿਆ ਗਿਆ ਤੇ ਬਚ ਗਿਆ ਤੇਰਾ ਯਾਦ ਆਉਣਾ ਖ਼ਾਬ, ਝੂਠੀ ਆਸ ਐਵੇਂ ਹੀ ਚੱਲਦੀ ਹੋਵੇਗੀ ਧਰਤੀ ਤੇ ਕੁਦਰਤ ਵੀ ਐਵੇਂ ਹੀ ਕੰਮ ਕਰਦੀ ਹੋਵੇਗੀ ਤੇਰੇ ਕਰਮਾਂ ਵਿੱਚ ਸੀ ਸ਼ਾਇਦ ਬੇਵਫ਼ਾ ਹੋਣਾ ਤੇ ਮੇਰੇ ਵਿੱਚ ਤੈਨੂੰ ਯਾਦ ਕਰਨਾ ਲਿਖਣਾ ਸ਼ਾਇਰ ਹੋਣਾ ਤੇ ਆਪਣੀ ਵਿਚਲੀ ਮੁਹੱਬਤ ਮੇਰੇ ਹਿੱਸੇ ਦੀ ਤਾਂ ਮੈਂ ਤੇਰੇ ਤੇ ਲਾ ਦਿੱਤੀ ਸੀ ਤੇ ਕੁਝ ਦਾਨ ਦੇ ਦਿੱਤੀ ਸੀ ਜਾਂਦੀ ਹੋਈਨੂੰ ਤੈਨੂੰ

ਤੇਰੇ ਹਿੱਸੇ ਦੀ ਮੁਹੱਬਤ ਕਿੱਥੇ ਏ ?

❀❀❀❀❀

ਤੈਨੂੰ ਪਤਾ ...

ਮੈਂ ਜਲਦੀ ਕਿਸੇ ਨੂੰ ਹੁਣ ਉਮਰ ਨਹੀਂ ਦੱਸਦਾ ਕਿਉਂ?

ਸ਼ਾਇਦ ਤੇਰੇ ਜਾਣ ਬਾਅਦ ਮੈਂ ਵਧਣਾ ਬੰਦ ਕਰਤਾ

ਓਥੇ ਹੀ ਰੁਕ ਗਿਆ ਜਾਂ ਕਹਿ ਲੈ ਮੁੱਕ ਗਿਆ

ਵਾਲ-ਨਹੁੰ ਵਧਦੇ ਜਾ ਰਹੇ ਆ

ਸੱਚ ਤੈਨੂੰ ਪਤਾ ਮਰੇ ਬੰਦੇ ਦੇ ਵੀ ਵਾਲ ਨਹੁੰ ਵਧਦੇ ਰਹਿੰਦੇ ਨੇ

ਹਾਂ ਹੁਣ ਕਦੇ ਨਾਈ ਨੂੰ ਜਾਕੇ ਐਵੇਂ ਨਹੀਂ ਕਿਹਾ ਕੇ ਭਰਾਵਾ ਉਹਦੀ ਪਸੰਦ ਦੇ ਕੱਟ ਦੇ..ਚਾਅ ਸ਼ੌਂਕ ਸਭ ਮਰ ਗਏ ਨੇ ਹੁਣ ਮੈਨੂੰ ਨਵੇਂ ਸੁਪਨੇ ਨਹੀਂ ਆਉਂਦੇ ਬਸ ਤੇਰੇ ਨਾਲ ਅਤੀਤ ਦੇ ਹੀ ਸੁਪਨੇ ਆਉਦੇ ਨੇ

ਜਿਵੇਂ ਸਾਇੰਸ ਫਿਕਸ਼ਨ ਸ਼ੋਅ ਚ ਦੇਖਿਆ ਸੀ ਕੇ ਮਰਣ ਲੱਗੇ ਬੰਦੇ ਦੇ ਆਸੇ-ਪਾਸੇ ਉਹਦੀ ਸਾਰੀ ਜਿੰਦਗੀ ਘੁੰਮ ਜਾਂਦੀ

ਸ਼ਾਇਦ ਮੇਰੇ ਨਾਲ ਐਵੇਂ ਹੀ ਹੁੰਦਾ ਹੋਵੇ ਤੇਰੇ ਨਾਲ ਬਿਤਾਏ ਪਲ ਐਨੇ ਵੱਡੇ ਸੀ ਕਿ ਉਹ ਹਜੇ ਮੁੱਕਣ ਨਹੀਂ ਦਈਏ

ਜਿੱਦਣ ਪਲ ਮੁੱਕ ਗਏ ਕਹਾਣੀ ਖ਼ਤਮ ਪ੍ਰੇਮ ਕਹਾਣੀ

ਇਹ ਅਮਰ ਨਹੀਂ ਹੋਣੀ

ਜਦੋਂ ਕਹਾਣੀ ਮੁੱਕ ਗਈ ਸਮਝ ਜਾਈਂ

ਮੈਂ ਅੱਗੇ ਵਧ ਗਿਆ ਉਦੋਂ ਤੱਕ

ਤੈਨੂੰ ਮੈਂ ਮੁਬਾਰਕ

❀❀❀❀❀

ਤੈਨੂੰ ਪਤਾ

ਮੈਂ ਬੜੀ ਜਲਦੀ ਬੜੀਆਂ ਚੀਜਾਂ ਭੁੱਲ ਜਾਂਦਾ ਹਾਂ

ਤੇ ਬੜੀਆਂ ਚੀਜਾਂ ਮੈਨੂੰ ਭੁੱਲ ਜਾਂਦੀਆਂ

ਇੱਕ ਵਾਰ ਪਤਾ ਐਵੇਂ ਹੀ ਕਿਸੇ ਨੂੰ

ਮੈਂ ਸਮਝਾ ਰਿਹਾ ਸੀ ਪਤਾ ਨਹੀਂ

ਆਪਣੇ ਆਪ ਨੂੰ ਕਿ

" ਜਾਣ ਬੁੱਝਕੇ ਗਵਾਈਆਂ ਚੀਜਾਂ

ਕਦੇ ਕਦੇ ਭਾਲਿਆਂ ਤੇ ਵੀ ਨਹੀਂ ਲੱਭਦੀਆਂ ਹੁੰਦੀਆਂ"

ਕਦੇ-ਕਦੇ ਆਪਣੇ ਅੱਡ ਹੋ ਜਾਣ ਤੇ ਮੈਨੂੰ ਮੇਰੀ ਹੀ ਗਲਤੀ ਲੱਗਦੀ ਏ ਤੇ

ਕਦੇ ਕਦੇ ਸਭ ਤੇਰਾ ਹੀ ਕੀਤਾ ਕਰਾਇਆ ਲੱਗਦਾ ਏ

ਪਰ ਜੋ ਵੀ ਸੀ ਹੁਣ ਇਹ ਯਾਦ ਰਹਿੰਦਾ ਏ ਕੇ ਆਪਾਂ ਅੱਡ ਹੋ ਗਏ ਹਾਂ ਤੇ ਉਦੋਂ ਵੀ ਜਿਆਦਾ ਕਿ ਆਪਾਂ ਇਕੱਠੇ ਹੁੰਦੇ ਸੀ

ਇੱਕ ਹੁੰਦੇ ਸੀ

❁❁❁❁❁

ਤੈਨੂੰ ਪਤਾ

ਹੁਣ ਮੈਂ ਥੱਕ ਗਿਆ ਹਾਂ

ਤੈਨੂੰ ਹੋਰਾਂ ਚ ਲੱਭ- ਲੱਭ ਕੇ

ਤੈਨੂੰ ਹੋਰਾਂ ਚ ਦੇਖ-ਦੇਖ ਕੇ ਤੂੰ ਇੱਕ ਵਾਰ

ਮੇਰੇ ਸਾਹਮਣੇ ਕਿਉਂ ਨਹੀਂ ਆ ਜਾਂਦੀ

ਸੁਪਨੇ ਵਿੱਚ ਹੀ ਕਿਸੇ ਨਵੇਂ ਦਰਦ ਦੇ ਨਾਲ

ਜਿਹਨੂੰ ਯਾਦ ਦੇ ਨਾਲ ਨਾਲ

ਤੂੰ ਮੇਰੇ ਕੋਲ ਹੀ ਛੱਡ ਜਾਵੇਂ

ਮੇਰੇ ਕੋਲ ਰਹਿ ਲਈ ਨਾ

ਹੰਝੂ ਬਣ ਕੇ ਜਾਂ ਮੇਰੇ ਹੰਝੂਆਂ ਦਾ ਹਾਸਾ ਬਣਕੇ

ਕੁਝ ਸਮੇਂ ਲਏ ਹੀ ਮੰਨ ਜਾਂ ਮਨ ਬਣਾ ਲੈ

ਭਾਵੇਂ ਮਨ ਮਾਰ ਕੇ ਹੀ

ਕਿਸੇ ਆਨੇ ਬਹਾਨੇ ਮਿਹਣੇ ਤਾਅਨੇ ਨਾਲ

❀❀❀❀❀

ਤੈਨੂੰ ਪਤਾ. ...

ਯਾਦਾਂ ਵੀ ਕਈ ਤਰ੍ਹਾਂ ਦੀਆਂ ਹੁੰਦੀਆਂ ਨੇ ..

ਕੁਝ ਯਾਦਾਂ ਜੋ ਰਵਾਉਂਦੀਆਂ ਨੇ ਤੇ ਕੁਝ ਯਾਦਾਂ

ਜੋ ਹਾਸੇ ਦਿੰਦੀਆਂ ਨੇ .. ਤੇ ਕੁਝ ਯਾਦਾਂ ਮਹਿਜ ਯਾਦਾਂ ਹੀ ਹੁੰਦੀਆਂ ਨੇ

ਇਸ ਤਰ੍ਹਾਂ ਦੇ ਹੀ ਇਨਸਾਨ ਹੁੰਦੇ ਨੇ ਤੇ

ਆਖਰ ਵਾਲਿਆਂ ਵਿੱਚੋਂ ਮੈਂ ਹਾਂ

ਚੱਲ ਛੱਡ ਮੇਰੀ ਗੱਲ ਕੀ ਕਰਨੀ .

ਕੀ ਕਹਿੰਦਾ ਸੀ ਮੈਂ - ਯਾਦਾਂ ਹਾਂ ਯਾਦਾਂ

ਤੇਰੀਆਂ ਯਾਦਾਂ ਹੁਣ ਦੁੱਖ ਹਾਸੇ ਕੁਝ ਨਹੀਂ ਦਿੰਦੀਆਂ

ਉਹ ਬਸ ਹੈਗੀਆਂ ਨੇ ਜਿੰਦਗੀ ਵਿੱਚ ..

ਜਿਵੇਂ ਅਲਮਾਰੀ ਚ ਤੇਰੇ ਤੋਹਫ਼ੇ ਜਿੰਨਾ ਵਿੱਚ ਚਿੱਠੀਆਂ,

ਫੁੱਲ ਕਿਤਾਬਾਂ ਸ਼ਾਮਿਲ ਨੇ

ਪਰ ਉਹਨਾਂ ਦੇ ਜ਼ਜਬਾਤ ਉੱਡ ਗਏ ਨੇ

*ਉਹਨਾਂ ਵਿੱਚ ਹੁਣ ਤਾਅਨੇ ਬਦ ਦੁਆਵਾਂ ਵੀ ਨਹੀਂ ਬਚੀਆਂ

ਮੈਂ ਕਿੰਨਾ ਸਵਾਰਥੀ ਹਾਂ ਨਾ

ਪਹਿਲਾਂ ਤੇਰੀਆਂ ਯਾਦਾਂ ਦੀ ਵਰਤੋਂ ਨਾਮ ਬਣਾਉਣ ਲਈ ਕਰਦਾ ਰਿਹਾ
ਲਿਖਦਾ ਰਿਹਾ..

ਹੁਣ ਤੇਰੀ ਉਡੀਕ ਦੀ ਵਰਤੋਂ
ਖ਼ੁਦ ਨੂੰ ਜਿੰਦਾ ਰੱਖਣ ਲਈ ਕਰ ਰਿਹਾ ਹਾਂ
ਤੂੰ ਦੱਸ ਕਦੋਂ ਆਏਂਗੀ ਤੂੰ?
ਕਦੋਂ ਮੈਨੂੰ ਬੇਜਾਨ ਤੇ ਸਰੀਰ ਨੂੰ ਕਦੋਂ ਮੁਕਤੀ ਮਿਲੇਗੀ

❁❁❁❁❁

ਤੈਨੂੰ ਪਤਾ

ਕਦੇ-ਕਦੇ ਆਪਾਂ ਚੀਜਾਂ ਨੂੰ ਫੜ੍ਹਕੇ ਬਹਿ ਜਾਨੇ ਹਾਂ

ਨਾ ਤਾਂ ਉਹਨਾਂ ਨੂੰ ਭੁੱਲਦੇ ਹਾਂ

ਨਾ ਹੀ ਸਵੀਕਾਰ ਕਰਦੇ ਹਾਂ ਨਾ ਹੀ ਜਾਣ ਦਿੰਦੇ ਹਾਂ

ਬਸ ਫੜ੍ਹਕੇ ਬਹਿ ਜਾਨੇ ਹਾਂ

ਹਨਾਂ ਤੈਨੂੰ ਪਤਾ ਹੀ ਸੀ ਨਾ

ਕਦੇ ਕਦੇ ਖ਼ੁਦ ਨੂੰ ਆਜ਼ਾਦ ਕਰਨ ਲਈ ਕਿਸੇ ਨੂੰ ਆਜ਼ਾਦ ਛੱਡ ਦੋ

ਤਾਂ ਹੀ ਤੂੰ ਮੇਰੇ ਤੋਂ ਰਿਹਾਈ ਮੰਗਦੀ ਰਹੀ ਕੇ ਮੈਂ ਆਜ਼ਾਦ ਹੋ ਜਾਵਾਂ

ਉਹ ਰਿਸ਼ਤੇ ਚੋਂ ਜੋ ਸਿਰਫ਼ ਮੇਰੇ ਕੋਲ ਮੇਰਾ ਹੀ ਬਚਿਆ ਸੀ ਤੂੰ ਤਾਂ ਆਪਣੇ ਹਿੱਸੇ ਦਾ ਨਿਭਾ ਕੇ ਤੁਰ ਪਈ ਸੀ

ਤੇਰੇ ਕਹਿਣ ਵਾਂਗ

ਤੁਰਦੇ ਰਹਿਣਾ ਹੀ ਜਿੰਦਗੀ ਏ ਪਰ ਯਾਦ ਰੱਖੀਂ ਦੁਨੀਆ ਗੋਲ ਏ ਘੁੰਮਦੇ-ਘੁੰਮਾਂਦੇ ਮਿਲ ਹੀ ਜਾਵਾਂਗੇ

ਫੇਰ ਦੱਸੀ ਕਿੰਨੀ ਜਿੰਦਗੀ ਜੀਅ ਲਈ ਤੇ ਕਿੰਨੀ ਕੱਟ ਲਈ ?

ਚੱਲ ਚੰਗਾ ਮਹਿਮਾਨਾ ਜਲਦੀ ਮਿਲਦੇ ਹਾਂ !!

❁❁❁❁❁

ਕਦੇ ਵੀ ਕੁਝ ਐਨਾ ਨਹੀਂ ਵਿਗੜਦਾ

ਕੇ ਉਹਨੂੰ ਸੁਧਾਰਿਆ ਹੀ ਨਾ ਜਾ ਸਕੇ

ਤੈਨੂੰ ਇਹ ਤਾਂ ਪਤਾ ਹੀ ਸੀ

ਕੇ ਉਹ ਹਜੇ ਵੀ ਇਸੇ ਆਸ ਤੇ ਹੀ ਬੈਠਾ ਏ ਪਰ ਤੂੰ ਇਹ ਕਿਹਾ ਕੇ

ਕੁਝ ਨਹੀਂ ਹੋ ਸਕਦਾ ਹੁਣ, ਜੋ ਹੁੰਦਾ ਏ ਚੰਗਾ ਹੁੰਦਾ ਏ

ਤੂੰ ਦੱਸ ਇਹਦੇ ਵਿੱਚ ਕੀ ਚੰਗਾ ਏ ?

ਆਸ਼ਕਾਂ ਦਾ ਮਰਨਾ ਤੇ ਸ਼ਾਇਰਾਂ ਦਾ ਪਿਆਰ ਬਿਨਾਂ ਜਿਉਣਾ ਕਦੇ ਚੰਗਾ ਨਹੀਂ ਹੁੰਦਾ

ਚੱਲ ਸੁਣ ਤੇਰੀ ਮੰਨਦਾ ਹਾਂ

ਚੱਲ ਤੂੰ ਸਮੇਂ ਨੂੰ ਸਮਾਂ ਦੇ ਕਿ ਸਮਾਂ ਬਦਲ ਸਕੇ ਇਹ ਸ਼ਾਇਰ ਅੱਗੇ ਵਧ ਸਕੇ

ਤੇ ਜ਼ਖ਼ਮ ਯਾਦਾਂ ਨਾਲ ਹੀ ਭਰ ਜਾਣ ਪਰ ਤੂੰ ਉਹਨਾਂ ਨੂੰ ਛਿੱਲਣ ਲਈ ਹਰਾ ਕਰਨ ਲਈ ਵਾਪਸ ਨਾ ਆਈਂ

ਤੇਰੀਆਂ ਗੱਲਾਂ ਦੇ ਨਹੁੰ ਬੜੇ ਤਿੱਖੇ ਨੇ ਇਹ ਦਿਲ ਜੋ ਪੱਥਰ ਹੋਣਾ ਚਾਹੁੰਦਾ ਏ ਉਹਨੂੰ ਅੰਦਰੋਂ ਛਿੱਲ ਦਿੰਦੇ ਨੇ

ਹਾਂ ਸੱਚ

ਪਿਆਰ ਦੇ ਜ਼ਖ਼ਮਾਂ ਦੇ ਦਾਗ਼ ਕਦੇ ਮਿਟਦੇ ਨਹੀਂ ਹੁੰਦੇ

ਮੈਨੂੰ ਦਿਖਦਾ ਏ ਤੂੰ ਯਾਦ ਰੱਖੀਂ

❀❀❀❀❀

.☘ ·

ਹਾਂ ਤੈਨੂੰ ਪਤਾ ਹੀ ਏ ...

ਤੂੰ ਆਉਨੀ ਏ ਭੁੱਲੇ - ਭਟਕੇ ਠੇਡੇ ਖਾਂਦੀ,
ਆਕੇ ਦਿਲ ਦੇ ਦਰਵਾਜੇ ਤੇ

Knock ਕਰਦੀ ਏਂ,
ਮੈਂ ਭੱਜਕੇ ਆਉਣਾ ਆ,
ਜਿਵੇਂ ਤੇਰੇ ਇੰਤਜਾਰ ਵਿੱਚ ਹੀ ਬੈਠਾ
ਹੋਵਾਂ ਵਰ੍ਹਿਆਂ ਤੋਂ
ਮੇਰੇ ਦਰਵਾਜੇ ਖੋਲ੍ਹਣ ਤੇ
ਤੂੰ ਅੰਦਰ ਨਹੀਂ ਆਉਂਦੀ !!
ਜਿਵੇਂ ਬਸ ਮੈਨੂੰ ਦੇਖਣ ਹੀ ਆਉਂਦੀ ਹੋਵੇਂ,
ਜਿਵੇਂ ਮੈਨੂੰ ਦੇਖਣ ਚ ਤੈਨੂੰ ਸਕੂਨ ਹੋਵੇ
ਦੇਖ ਤੂੰ ਹਜੇ ਵੀ ਮੇਰੇ ਵਿੱਚੋਂ ਸਕੂਨ ਲੱਭਦੀ ਫਿਰਦੀ ਏਂ, ਜੀਹਦੀ ਤਲਾਸ਼ ਵਿੱਚ ਤੂੰ ਗਈ ਸੀ, ਤੈਨੂੰ ਮੈਂ ਮੁਹੱਬਤ ਨਾਲ ਭਰਕੇ ਆਜ਼ਾਦ ਕਰ ਦਿੱਤਾ ਸੀ
ਪਤਾ ਨਹੀਂ ਤੂੰ ਕਿੱਥੇ ਬਰਬਾਦ ਕਰ ਆਈ ਏਂ
ਮੇਰੀ ਸਾਰੀ ਮੁਹੱਬਤ ਲੈਕੇ ਤੂੰ ਖ਼ਤਮ ਕਰ ਆਈ , ਤੇ ਮੈਂ ਤੇਰੀ ਯਾਦ ਵਿੱਚੋਂ ਹੀ

ਮੁਹੱਬਤ ਬਣਾ ਲਈ

ਚੱਲ ਆਜਾ, ਅੰਦਰ ਬੈਠਦੇ ਆ , ਗੱਲ ਕਰਦੇ ਹਾਂ, ਸਭ ਸਹੀ ਕਰਦੇ ਹਾਂ..

ਅੱਛਾ ਹਜੇ ਹੋਰ ਭੱਜਣਾ ਏ

ਚੰਗਾ ਫੇਰ,

ਖਿਆਲ ਰੱਖੀਂ ਆਪਣਾ ਮਹਿਮਾਨਾ

❁❁❁❁❁

.☘︎ ·

ਹਰ ਕੋਈ deserve ਕਰਦਾ ਏ

ਇੱਕ ਆਖ਼ਿਰੀ ਮੁਲਾਕਾਤ

ਜਿਹਦੇ ਵਿੱਚ ਉਹ ਬੈਠ ਸਕਣ, ਗੱਲਾਂ ਕਰ ਸਕਣ,

ਤੇ ਦੇ ਸਕਣ ਇੱਕ ਮੌਕਾ ਆਖ਼ਿਰੀ,

ਆਪਣੇ ਆਪ ਨੂੰ ਮੁਹੱਬਤ ਨੂੰ

ਜਾ ਫ਼ਿਰ ਦੇਣ ਉਲਾਂਭੇ ਤਾਹਨੇ

ਜਿਹਦੇ ਨਾਲ਼ ਵੱਧ ਸਕਣ ਅੱਗੇ ਕਿੰਨੇ ਜਨਮਾਂ ਤੱਕ

ਨਹੀਂ ਤਾਂ ਵਾਅਦੇ ਕਰ ਲੈਣ

ਅੱਖਾਂ ਭਰ ਕੇ ਅਗਲੇ ਜਨਮ ਦਾ ਵਾਅਦਾ ਲੈ ਕੇ ਉਹ ਗਲਵੱਕੜੀ ਪਾ ਸਕਣ
ਘੁੱਟ ਕੇ ਮਿਲ਼ ਜਾਣ ਦਿਲ ਦੇ ਜਜ਼ਬਾਤ

ਤੇ ਸਮਝ ਜਾਣ ਤੇ ਸ਼ਾਇਦ ਰੁਕ ਵੀ ਜਾਣ

ਇੱਕ ਦੂਜੇ ਲਈ ਆਪੋ ਆਪਣੇ ਲਈ

❀❀❀❀❀

ਉਹ ਚਿੱਠੀਆਂ ਜਿਹਨਾਂ ਦਾ ਪਤਾ ਨਹੀਂ ਬਦਲਿਆ
ਬਸ ਪਤੇ ਵਾਲੇ ਬਦਲ ਗਏ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

# ਤੈਨੂੰ ਪਤਾ

ਅਨਮੋਲਪ੍ਰੀਤ



ਤੈਨੂੰ ਪਤਾ
ਸਭ ਨੂੰ ਸਭ ਕੁਝ ਨਹੀਂ ਮਿਲਦਾ ਹੁੰਦਾ
ਤੇ ਤੂੰ ਮੇਰਾ ਸਭ ਕੁਝ ਸੀ